# ਸ਼ੁਰੂਆਤੀ ਅੰਦਾਜ਼ੇ/ਮੁਲਾਂਕਣ ਲਈ ਨੋਟਿਸ ਅਤੇ ਸਹਿਮਤੀ

**ਉਦੇਸ਼:** ਜਦੋਂ ਸ਼ੁਰੂਆਤੀ ਅੰਦਾਜ਼ੇ/ਮੁਲਾਂਕਣ ਦੀ ਤਜਵੀਜ਼ ਕੀਤੀ ਗਈ ਹੈ ਅਤੇ ਤਜਵੀਜ਼ਸ਼ੁਦਾ ਸ਼ੁਰੂਆਤੀ ਅੰਦਾਜ਼ੇ/ਮੁਲਾਂਕਣ ਕਰਾਉਣ ਲਈ ਮਾਤਾ-ਪਿਤਾ ਦੀ ਸਹਿਮਤੀ ਲੈਣ ਵਾਸਤੇ ਮਾਤਾ-ਪਿਤਾ ਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਦਿੱਤਾ ਜਾਏ ।

| ਬੱਚੇ ਦਾ ਨਾਂ | ਜਨਮ-ਤਾਰੀਖ਼ | ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ |
|---|---|---|
| | | |

**ਨੋਟਿਸ ਲਈ ਕਾਰਣ**

ESIT ਪ੍ਰੋਗਰਾਮ ਨੂੰ ਅੰਦਾਜ਼ੇ ਅਤੇ ਮੁਲਾਂਕਣ ਕਰਾਉਣ ਤੋਂ ਪਹਿਲਾਂ ਢੁਕਵੇਂ ਸਮੇਂ ਦੇ ਅੰਦਰ ਤੁਹਾਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਮੁਹਈਆ ਕਰਾਉਣਾ ਚਾਹੀਦਾ ਹੈ। ਇਸ ਗੱਲ ਦੀ ਲੋੜ ਹੈ ਕਿ ਤੁਸੀਂ ਹੇਠਾਂ ਕੀਤੇ ਆਪਣੇ ਦਸਤਖ਼ਤ ਰਾਹੀਂ ਇਹਨਾਂ ਸਰਗਰਮੀਆਂ ਲਈ ਦੱਸੀ ਗਈ ਜਾਣਕਾਰੀ ਦੀ ਲਿਖਤੀ ਸਹਿਮਤੀ ਦਿਓ। ਅੰਦਾਜ਼ੇ ਅਤੇ ਮੁਲਾਂਕਣ ਦਾ ਉਦੇਸ਼ ਤੁਹਾਡੇ ਅਤੇ ਜਿਹਨਾਂ ਹੋਰਨਾਂ ਲੋਕਾਂ ਨੂੰ ਤੁਸੀਂ ਹਿੱਸਾ ਲੈਣ ਲਈ ਕਿਹਾ ਹੈ, ਤੋਂ ਤੁਹਾਡੇ ਬੱਚੇ ਬਾਰੇ ਜਾਣਕਾਰੀ ਲੈਣਾ ਹੈ; ਤੁਹਾਡੇ ਪਰਿਵਾਰ ਨੂੰ ਤੁਹਾਡੇ ਬੱਚੇ ਦੇ ਵਿਕਾਸ ਬਾਰੇ ਵਾਧੂ ਜਾਣਕਾਰੀ ਮੁਹਈਆ ਕਰਨਾ; ਤੁਹਾਡੇ ਬੱਚੇ ਦੀਆਂ ਵਿਲੱਖਣ ਸਮਰੱਥਾਵਾਂ ਅਤੇ ਸੇਵਾਵਾਂ ਦਾ ਪਤਾ ਲਾਉਣਾ, ਜੋ ਇਹ ਜ਼ਰੂਰਤਾਂ ਪੂਰੀਆਂ ਕਰਨ ਲਈ ਢੁਕਵੀਆਂ ਹੋ ਸਕਦੀਆਂ ਹਨ; ਪਤਾ ਲਾਉਣਾ ਕਿ ਤੁਹਾਡਾ ਬੱਚਾ ESIT ਪ੍ਰੋਗਰਾਮ ਲਈ ਯੋਗ ਹੈ ਜਾਂ ਨਹੀਂ; ਅਤੇ ਜੇ ਤੁਹਾਡਾ ਬੱਚਾ ਯੋਗ ਹੈ, ਤਾਂ ਤੁਹਾਡੀ ਸਹਿਮਤੀ ਅਤੇ ਹਿੱਸੇਦਾਰੀ ਨਾਲ ਲਿਖਤੀ ਵਿਅਕਤੀਗਤ ਪਰਿਵਾਰਕ ਸਰਵਿਸ ਪਲਾਨ (IFSP) ਤਿਆਰ ਕਰਨਾ । ਇਹ ਉਸ ਨੋਟਿਸ ਦਾ ਤੁਹਾਡਾ ਕਥਨ ਹੈ

*"ਸਹਿਮਤੀ" ਦਾ ਮਤਲਬ ਹੈ ਕਿ: (1) ਤੁਹਾਨੂੰ ਤੁਹਾਡੀ ਮਾਂ-ਬੋਲੀ ਜਾਂ ਸੰਚਾਰ ਦੇ ਦੂਜੇ ਸਾਧਨ, ਜਿਸ ਵਿਚ ਸੰਕੇਤ ਭਾਸ਼ਾ, ਬ੍ਰੇਲ ਜਾਂ ਢੁਕਵੇਂ ਅਨੁਸਾਰ ਜ਼ਬਾਨੀ ਗੱਲਬਾਤ, ਜਿਸ ਕੰਮ ਲਈ ਸਹਿਮਤੀ ਲਈ ਗਈ ਹੈ, ਦੀਆਂ ਸਰਗਰਮੀਆਂ ਸਬੰਧੀ ਸਾਰੀ ਜਾਣਕਾਰੀ ਬਾਰੇ ਪੂਰੀ ਤਰ੍ਹਾਂ ਦੱਸਿਆ ਗਿਆ ਹੈ; (2) ਕਿ ਤੁਸੀਂ ਸਮਝਦੇ ਹੋ ਅਤੇ ਜਿਸ ਕੰਮ ਲਈ ਸਹਿਮਤੀ ਲਈ ਗਈ ਹੈ, ਵਾਸਤੇ ਸਰਗਰਮੀਆਂ ਸਿਰੇ ਚਾੜ੍ਹਣ ਲਈ ਲਿਖਤ ਵਿਚ ਸਹਿਮਤੀ ਦਿੱਤੀ ਹੈ; ਸਹਿਮਤੀ ਵਿਚ ਸਰਗਰਮੀਆਂ ਅਤੇ ਰਿਕਾੱਰਡਾਂ ਦੀਆਂ ਸੂਚੀਆਂ (ਜੇ ਕੋਈ ਹੈ) ਬਾਰੇ ਦੱਸਿਆ ਗਿਆ ਹੈ ਕਿ ਇਹ ਸੂਚੀਆਂ ਦਿੱਤੀਆਂ ਜਾਣਗੀਆਂ ਅਤੇ ਕਿਸ ਨੂੰ; ਅਤੇ (4) ਆਪਣੀ ਸਹਿਮਤੀ ਸਵੈ-ਇੱਛਾ ਨਾਲ ਦੇ ਰਿਹਾ/ਰਹੀ ਹਾਂ ਅਤੇ ਲਿਖਤ ਵਿਚ ਕਿਸੇ ਵੀ ਸਮੇਂ ਰੱਦ ਕਰ ਸਕਦਾ/ਸਕਦੀ ਹਾਂ। ਜੇ ਤੁਸੀਂ ਸਹਿਮਤੀ ਰੱਦ ਕਰਦੇ ਹੋ, ਤਾਂ ਇਹ ਪਹਿਲਾਂ ਤੋਂ ਲਾਗੂ ਨਹੀਂ ਹੈ (ਇਹ ਕਿਸੇ ਵੀ ਕਾਰਵਾਈ 'ਤੇ ਲਾਗੂ ਨਹੀਂ ਹੁੰਦੀ, ਜੋ ਸਹਿਮਤੀ ਰੱਦ ਕਰਨ ਤੋਂ ਪਹਿਲਾਂ ਵਾਪਰੀ ਸੀ) ।*

**ਤਜਵੀਜ਼ ਕੀਤੀ ਗਈ ਕਾਰਵਾਈ:**

ESIT ਪ੍ਰੋਗਰਾਮ ਬਾਰੇ ਪਾੱਲਿਸੀਆਂ ਅਤੇ ਅਮਲਾਂ ਅਨੁਸਾਰ ਅੰਦਾਜ਼ਾ ਅਤੇ ਮੁਲਾਂਕਣ ਵੱਖ ਵੱਖ ਖੇਤਰਾਂ (ਜਾਂ ਦੋ ਖੇਤਰਾਂ ਤੋਂ ਇੱਕ ਯੋਗਤਾਪ੍ਰਾਪਤ ਪੇਸ਼ੇਵਰ) ਤੋਂ ਘੱਟੋ-ਘੱਟ ਦੋ ਯੋਗਤਾਪ੍ਰਾਪਤ ਵਿਅਕਤੀਆਂ ਵਲੋਂ ਕੀਤਾ ਜਾਏਗਾ। ਮੁਲਾਂਕਣ ਟੀਮ ਦੇ ਇੱਕ ਮੈਂਬਰ ਵਜੋਂ ਤੁਹਾਡੀ ਸ਼ਮੂਲੀਅਤ ਨੂੰ ਪੱਕੀ ਤਰ੍ਹਾਂ ਉਤਸਾਹ ਦਿੱਤਾ ਜਾਂਦਾ ਹੈ। ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਬਹੁਤ ਚੰਗਾ ਹੈ ਅਤੇ ਤੁਸੀਂ ਆਪਣੇ ਬੱਚੇ ਬਾਰੇ ਅਹਿਮ ਜਾਣਕਾਰੀ ਮੁਹਈਆ ਕਰਾ ਸਕਦੇ ਹੋ। ਅੰਦਾਜ਼ਾ ਅਤੇ ਮੁਲਾਂਕਣ ਇੱਕ ਵਿਆਪਕ ਵਿਚਾਰ ਹੈ ਕਿ ਤੁਹਾਡਾ ਬੱਚਾ ਗਿਆਨ ਸਬੰਧੀ, ਪ੍ਰਤੱਖ ਪੁੱਠੇ, ਪ੍ਰੇਰਕ ਪੁੱਠੇ, ਸੰਚਾਰ, ਸਮਾਜਕ-ਜਜ਼ਬਾਤੀ ਅਤੇ ਢਲਣਹਾਰ ਵਿਕਾਸ ਦੇ ਨਾਲ ਹੀ ਨਜ਼ਰ ਅਤੇ ਸੁਣਨ ਦੇ ਖੇਤਰਾਂ ਵਿਚ ਕਿਹੋ ਜਿਹਾ ਕਰ ਰਿਹਾ ਹੈ। ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਤੁਹਾਡਾ ਬੱਚਾ ਇਹਨਾਂ ਸਾਰੇ ਖੇਤਰਾਂ ਵਿਚ ਕਿਹੋ ਜਿਹਾ ਕਰ ਰਿਹਾ ਹੈ ਅਤੇ ਕਿ ਤੁਹਾਡਾਬੱਚਾ ESITਸੇਵਾਵਾਂ ਲਈ ਯੋਗ ਹੈ ਜਾਂ ਨਹੀਂ ।

**ਵੇਰਵਾ**

ਤਜਵੀਜ਼ ਕੀਤੇ ਗਏ ਅੰਦਾਜ਼ੇ ਵਿਚ ਬਹੁ-ਪੱਖੀ ਅਮਲ ਸ਼ਾਮਿਲ ਹੋਣਗੇ, ਇਸ ਵਿਚ ਮੁਲਾਂਕਣ ਦੇ ਸਾਧਨ ਦਾ ਪ੍ਰਬੰਧ, ਬੱਚੇ ਦਾ ਵੇਰਵਾ ਲੈਣਾ, ਮਾਤਾ-ਪਿਤਾ ਦਾ ਇੰਟਰਵਿਊ ਲੈਣਾ, ਪਰਿਵਾਰ ਦੇ ਹੋਰਨਾਂ ਮੈਂਬ਼ਰਾਂ ਤੋਂ ਜਾਣਕਾਰੀ ਇਕੱਠੀ ਕਰਨਾ, ਕੇਅਰਗਿਵਰ, ਮੈਡੀਕਲ ਜਾਂ ਹੋਰ ਪੇਸ਼ੇਵਰ ਅਤੇ ਮੈਡੀਕਲ ਜਾਇਜ਼ੇ ਲੈਣਾ, ਵਿਦਿਅਕ ਜਾਂ ਹੋਰ ਰਿਕਾੱਰਡ ਸ਼ਾਮਿਲ ਹੁੰਦੇ ਹਨ। ਤਜਵੀਜ਼ ਕੀਤੇ ਗਏ ਮੁਲਾਂਕਣ ਵਿਚ ਤੁਹਾਡੇ ਬੱਚੇ ਦੀਆਂ ਵਿਲੱਖਣ ਸਮਰੱਥਾਵਾਂ ਅਤੇ ਜ਼ਰੂਰਤਾਂ ਅਤੇ ਢੁਕਵੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਦਾ ਪਤਾ ਲਾਇਆ ਜਾਏਗਾ। ਮੁਲਾਂਕਣ ਵਿਚ ਸ਼ਾਮਿਲ ਹੋਣਗੇ: ਮੁਲਾਂਕਣ ਦੇ ਨਤੀਜਿਆਂ ਦਾ ਜਾਇਜ਼ਾ; ਬੱਚੇ ਦੀਆਂ ਵਿਅਕਤੀਗਤ ਨਿਗਰਾਨੀਆਂ, ਮੁਲਾਂਕਣ ਦੇ ਰਸਮੀ ਅਤੇ ਗ਼ੈਰਰਸਮੀ ਅਮਲਾਂ ਦੀ ਵਰਤੋਂ ਰਾਹੀਂ ਵਿਕਾਸ ਸਬੰਧੀ ਹਰ ਖੇਤਰ ਵਿਚ ਬੱਚੇ ਦੀਆਂ ਜ਼ਰੂਰਤਾਂ ਦੀ ਪਛਾਣ ਕਰਨਾ। ESIT ਪ੍ਰੋਵਾਈਡਰ ਤੁਹਾਡੇ ਨਾਲ ਉਹਨਾਂ ਢੰਗ-ਤਰੀਕਿਆਂ ਬਾਰੇ ਗੱਲਬਾਤ ਕਰਨਗੇ, ਜਿਹਨਾਂ ਨੂੰ ਉਹ ਇਸ ਅੰਦਾਜ਼ੇ ਅਤੇ ਮੁਲਾਂਕਣ ਲਈ ਇਸਤੇਮਾਲ ਕਰਨਗੇ। ਅੰਦਾਜ਼ੇ ਅਤੇ ਮੁਲਾਂਕਣ ਤੁਹਾਨੂੰ ਬਿਨਾ ਕਿਸੇ ਲਾਗਤ ਦੇ ਮੁਹਈਆ ਕਰਾਏ ਜਾਣਗੇ। ਨਤੀਜੇ, ਤੁਹਾਡੇ ਬੱਚੇ ਦੇ ਸ਼ੁਰੂਆਤੀ ਸਾਲਸੀ ਰਿਕਾੱਰਡ ਵਿਚ ਰਖੇ ਜਾਂਦੇ ਹਨ। ਅੰਦਾਜ਼ੇ/ਮੁਲਾਂਕਣ ਬਾਰੇ ਕੋਈ ਵੀ ਜਾਣਕਾਰੀ ESIT ਪ੍ਰੋਗਰਾਮ ਤੋਂ ਬਾਹਰ ਕਿਸੇ ਜਾਂ ਕਿਸੇ ਵੀ ਏਜੰਸੀ ਨਾਲ ਸਾਂਝੀ ਨਹੀਂ ਕੀਤੀ ਜਾਏਗੀ, ਜਦ ਤੱਕ ਕਿ ਤੁਸੀਂ ਇੰਜ ਕਰਨ ਲਈ ਲਿਖਤ ਸਹਿਮਤੀ ਨਹੀਂ ਦਿੰਦੇ। IFSP ਟੀਮ ਪਤਾ ਲਾਏਗੀ ਕਿ ਤੁਹਾਡਾ ਬੱਚਾ ਯੋਗ ਹੈ ਜਾਂ ਨਹੀਂ ਅਤੇ ਪਹਿਲਾਂ ਹੀ ਲਿਖਤੀ ਨੋਟਿਸ ਦਏਗੀ, ਇਸ ਵਿਚ ਯੋਗਤਾ ਦਾ ਨਿਰਣਾ ਕਰਨ ਸਬੰਧੀ ਤੁਹਾਡਾ ਹੱਕ ਸ਼ਾਮਿਲ ਹੁੰਦਾ ਹੈ।

**ਸਮੇਂ ਦੀਆਂ ਮਿਆਦਾਂ** *ਤਾਰੀਖ਼, ਜਦੋਂ ਤੁਹਾਡੇ ਬੱਚੇ ਨੂੰ ESIT ਪ੍ਰੋਗਰਾਮ ਲਈ ਰੈਫ਼ਰ ਕੀਤਾ ਗਿਆ ਸੀ।* [ ]

ਬਹੁ-ਪੈਨਲੀ ਟੀਮ ਅੰਦਾਜ਼ਾ/ਮੁਲਾਂਕਣ ਮੁਕੰਮਲ ਕਰੇਗੀ ਅਤੇ ਜੇ ਤੁਹਾਡਾ ਬੱਚਾ ਯੋਗ ਹੈ ਅਤੇ ਤੁਸੀਂ ਸਹਿਮਤ ਹੋ, ਤਾਂ ਜਿਸ ਤਾਰੀਖ਼ ਤੋਂ ਤੁਹਾਡੇ ਬੱਚੇ ਨੂੰ ਰੈਫ਼ਰ ਕੀਤਾ ਗਿਆ ਸੀ, ਤੋਂ45 ਕੈਲੰਡਰ ਦਿਨਾਂ ਦੇ ਅੰਦਰ ਵਿਅਕਤੀਗਤ ਪਰਿਵਾਕ ਸਰਵਿਸ ਪਲਾਨ (IFSP) ਦਾ ਪਸਾਰ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ। ਜੇ ਤੁਹਾਡੇ ਪਰਿਵਾਰ ਨੂੰ 45 ਦਿਨਾਂ ਤੋਂ ਬਾਅਦ ਵਾਧੂ ਸਮੇਂ ਦੀ ਲੋੜ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ ਨੂੰ ਦੱਸੋ। IFSP ਇੱਕ ਲਿਖਤੀ ਪਲਾਨ ਹੈ, ਜਿਸ ਨੂੰ ਤੁਹਾਡੇ ਬੱਚੇ ਅਤੇ ਪਰਿਵਾਰ ਦੀਆਂ ਮੌਜੂਦਾ ਜ਼ਰੂਰਤਾਂ ਪੂਰੀਆਂ ਕਰਨ ਲਈ ਤੁਹਾਡੇ ਪਰਿਵਾਰ ਅਤੇ ਪੇਸ਼ੇਵਰਾਂ ਦੀ ਭਾਈਵਾਲੀ ਨਾਲ ਤਿਆਰ ਕੀਤਾ ਗਿਆ ਹੈ। ਇਹ ਕਿਸੇ ਵੀ ਸਮੇਂ ਬਦਲ ਸਕਦਾ ਹੈ। IFSP ਸਿਰਫ਼ ਉਦੋਂ ਲਿਖਿਆ ਜਾਂਦਾ ਹੈ,ਜੇ ਤੁਹਾਡਾ ਬੱਚਾ ਸੇਵਾਵਾਂ ਲਈ ਯੋਗ ਹੈ।

**ਸਹਿਮਤੀ ਦੀ ਪ੍ਰਵਾਣਗੀ ਅਤੇ ਕਥਨ**

**ਮੈਨੂੰ ਇਸ ਨੋਟਿਸ ਦੇ ਨਾਲ IDEA (ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਬਾਰੇ ਪ੍ਰੋਗਰਾਮ ਲਈ ਸ਼ੁਰੂਆਤੀ ਸਹਾਇਤਾ ਪ੍ਰੋਗਰਾਮ, *ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ {IDEA) ਹਿੱਸਾ C ਅਮਲ ਸਬੰਧੀ ਸੁਰੱਖਿਆ [ਮਾਤਾ-ਪਿਤਾ ਦੇ ਹੱਕ]*) ਦੇ ਹਿੱਸਾ C ਹੇਠ**

*ਮਾਤਾ-ਪਿਤਾ ਦੇ ਦਸਤਖ਼ਤ* [ ]

**ਆਪਣੇ ਹੱਕਾਂ ਅਤੇ ਅਮਲ ਸਬੰਧੀ ਸੁਰੱਖਿਆ ਦੀ ਕਾੱਪੀ ਮਿਲੀ ਹੈ।** ਇਹਨਾਂ ਹੱਕਾਂ ਅਤੇ ਅਮਲ ਸਬੰਧੀ ਸੁਰੱਖਿਆ ਬਾਰੇ ਮੈਨੂੰ ਦੱਸ ਦਿੱਤਾ ਗਿਆ ਹੈ ਅਤੇ ਮੈਨੂੰ ਉਹ ਸਮਝ ਆ ਗਏ ਹਨ। ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੀ ਸਹਿਮਤੀ ਸਵੈ-ਇੱਛਾ ਨਾਲ ਹੈ ਅਤੇ ਇਹ ਕਿ ਇਸ ਫ਼ਾਰਮ 'ਤੇ ਦਸਤਖ਼ਤ ਕਰਨ ਤੋਂ ਬਾਅਦ ਵੀ ਮੈਂ ਕਿਸੇ ਵੀ ਸਮੇਂ ਆਪਣੇ ਬੱਚੇ ਦਾ ਮੁਲਾਂਕਣ ਨਾ ਕੀਤੇ ਜਾਣ ਦੀ ਚੋਣ ਕਰ ਸਕਦਾ/ਸਕਦੀ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਇਸ ਅੰਦਾਜ਼ੇ ਅਤੇ ਮੁਲਾਂਕਣ ਲਈ ਸਹਿਮਤੀ ਨਾ ਦੇਣ ਦੀ ਚੋਣ ਕੀਤੀ ਹੈ, ਤਾਂ ਮੇਰੇ ਬੱਚੇ ਦਾ ਅੰਦਾਜ਼ਾ ਜਾਂ ਮੁਲਾਂਕਣ ਨਹੀਂ ਕੀਤਾ ਜਾਏਗਾ ਅਤੇ ਉਸ ਨੂੰ ESIT ਪ੍ਰੋਗਰਾਮ ਹੇਠ ਸ਼ੁਰੂਆਤੀ ਸਾਲਸੀ ਸੇਵਾਵਾਂ ਨਹੀਂ ਮਿਲ ਸਕਦੀਆਂ ।

| | | |
|---|---|---|
| **ਮੈਂ** ਉਪਰ ਦਿੱਤੀ ਗਈ ਸਰਗਰਮੀ(ਆਂ) ਨੂੰ ਸਿਰੇ ਚਾੜ੍ਹਣ ਲਈ ESIT ਪ੍ਰੋਗਰਾਮ ਵਾਸਤੇ ਆਪਣੀ ਦੱਸੀ ਗਈ ਸਹਿਮਤੀ | **ਦਿੰਦਾ/ਦਿੰਦੀ ਹਾਂ।** | **ਨਹੀਂ ਦਿੰਦਾ/ਦਿੰਦੀ** |

| ਮਾਤਾ-ਪਿਤਾ ਦਾ/ਦੇ ਨਾਂ ਪ੍ਰਿੰਟ ਕਰੋ | |
|---|---|
| ਮਾਤਾ-ਪਿਤਾ ਦੇ ਦਸਤਖ਼ਤ | ਤਾਰੀਖ਼ |
| ਨਾਂ/ਟਾਈਟਲ/ਏਜੰਸੀ ਵਲੋਂ ਪ੍ਰਾਪਤ ਕੀਤਾ ਗਿਆ | ਤਾਰੀਖ਼ |

*ਨਾਲ ਨੱਥੀ: ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ, ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਹਿੱਸਾ C ਅਮਲ ਸਬੰਧੀ ਸੁਰੱਖਿਆ\[ਮਾਤਾ-ਪਿਤਾ ਦੇ ਹੱਕ]*
*ਧਿਆਨ ਦਿਓ: ਮਾਤਾ-ਪਿਤਾ ਨੂੰ ਇਸ ਫ਼ਾਰਮ ਦੀ ਕਾੱਪੀ ਮਿਲੇਗੀ ਅਤੇ ਇੱਕ ਦਸਤਖ਼ਤਸ਼ੁਦਾ ਕਾੱਪੀ ਬੱਚੇ ਦੇ ਸ਼ੁਰੂਆਤੀ ਸਾਲਸੀ ਰਿਕਾੱਰਡ ਵਿਚ ਸ਼ਾਮਿਲ ਕੀਤੀ ਜਾਏ।*